# ਮੌਬਰਲੀ ਪਾਰਕ ਸਿੰਥੈਟਿਕ ਟਰਫ਼ ਫੀਲਡ ਅਤੇ ਫੀਲਡਹਾਊਸ

**ਜਾਣ-ਪਛਾਣ**

1

## ਕੀ ਹੋ ਰਿਹਾ ਹੈ?


ਸਨਸੈੱਟ ਇਲਾਕੇ ਵਿੱਚ, ਦੱਖਣ-ਪੂਰਬੀ ਵੈਨਕੂਵਰ ਵਿੱਚ ਸਥਿਤ, ਮੌਬਰਲੀ ਪਾਰਕ 3.6-ਹੈਕਟੇਅਰ ਦਾ ਇੱਕ ਇਲਾਕਾਈ ਪਾਰਕ ਹੈ। ਅਸੀ ਉੱਤਰੀ ਫੀਲਡ ਦੀ ਥਾਂ 'ਤੇ ਸਿੰਥੈਟਿਕ ਟਰਫ਼ ਫੀਲਡ ਲਗਾ ਕੇ ਮੌਬਰਲੀ ਪਾਰਕ ਵਿੱਚ ਨਵੀਆਂ ਫੀਲਡ ਹਾਕੀ ਸਹੂਲਤਾਂ ਸ਼ਾਮਲ ਕਰ ਰਹੇ ਹਾਂ।

ਪਰੋਜੈਕਟ ਵਿੱਚ ਸ਼ਾਮਲ ਹੋਣਗੇ:

- ਨਵਾਂ ਫੀਲਡ ਹਾਕੀ ਸਿੰਥੈਟਿਕ ਟਰਫ਼
- ਉੱਚੇ ਮਾਸਟ ਵਾਲੀ ਸਪੋਰਟਸ ਫੀਲਡ ਲਾਈਟਿੰਗ
- ਨਵੀਂ ਫੀਲਡਹਾਊਸ ਇਮਾਰਤ, ਜਿਸ ਵਿੱਚ ਵਾਸ਼ਰੂਮ ਅਤੇ ਟੀਮ ਬਦਲਣ ਵਾਲੇ ਕਮਰੇ ਸ਼ਾਮਲ ਹਨ
- ਪੀਣ ਵਾਲੇ ਪਾਣੀ ਦਾ ਫੁਹਾਰਾ
- ਬੈਠਣ ਲਈ ਥਾਵਾਂ
- ਸੈਰ ਕਰਨ ਦਾ ਚੱਕਰਦਾਰ ਰਸਤਾ

ਪਾਰਕ ਦੀਆਂ ਹੋਰ ਸਹੂਲਤਾਂ ਬਿਨਾਂ ਬਦਲਾਅ ਦੇ ਰਹਿਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਬੱਚਿਆਂ ਦਾ ਖੇਡਣ ਦਾ ਖੇਤਰ
- ਦੱਖਣੀ ਘਾਹ ਵਾਲੀ ਫੀਲਡ
- ਵਾਸ਼ਰੂਮਾਂ ਸਮੇਤ ਮੌਬਰਲੀ ਆਰਟਸ ਐਂਡ ਕਲਚਰਲ ਸੈਂਟਰ
- ਮੌਜੂਦਾ ਬੈਠਣ ਵਾਲੀਆਂ ਥਾਵਾਂ
- ਪੱਕੇ ਹੋਏ ਦਰੱਖਤ




1 ਉੱਤਰੀ ਫੀਲਡ
2 ਖੇਡ ਦਾ ਮੈਦਾਨ
3 ਦੱਖਣੀ ਫੀਲਡ
4 Walter Moberly Elementary School
5 ਪਾਰਕਿੰਗ
6 Moberly Arts & Cultural Centre
7 ਟੈਨਿਸ ਕੋਰਟਸ
8 ਕਮਿਊਨਿਟੀ ਗਾਰਡਨ
9 ਰੌਸ ਪਾਰਕ

VANCOUVER BOARD OF PARKS AND RECREATION

# ਮੌਬਰਲੀ ਪਾਰਕ ਸਿੰਥੈਟਿਕ ਟਰਫ਼ ਫੀਲਡ ਅਤੇ ਫੀਲਡਹਾਊਸ

3

## ਮਸੌਦਾ ਸੰਕਲਪ ਯੋਜਨਾ

ਇਹ ਫੀਲਡ ਹਾਕੀ ਨੂੰ ਸਮਰਪਿਤ ਇੱਕ ਨਵੀਂ ਸਿੰਥੈਟਿਕ ਟਰਫ਼ ਫੀਲਡ ਲਈ ਇੱਕ ਮਸੌਦਾ ਸੰਕਲਪ ਹੈ। ਫੀਲਡ ਦੇ ਆਲੇ-ਦੁਆਲੇ ਇੱਕ ਪਹੁੰਚਯੋਗ ਸੈਰ ਕਰਨ ਦਾ ਚੱਕਰਦਾਰ ਰਸਤਾ ਹੈ, ਜਿੱਥੇ ਬੈਠਣ ਅਤੇ ਆਰਾਮ ਕਰਨ ਦੇ ਮੌਕੇ ਹਨ। ਚੇਂਜਰੂਮਾਂ ਅਤੇ ਸਮਰਪਿਤ ਸਰਵ-ਵਿਆਪਕ ਤੌਰ ‘ਤੇ ਪਹੁੰਚਯੋਗ ਵਾਸ਼ਰੂਮਾਂ ਵਾਲਾ ਇੱਕ ਨਵਾਂ ਫੀਲਡਹਾਊਸ ਵੀ ਹੋਵੇਗਾ ਜੋ ਸਾਰੇ ਪਾਰਕ ਵਿਜ਼ਿਟਰਾਂ ਲਈ ਆਰਾਮ, ਸੁਰੱਖਿਆ ਅਤੇ ਸਮਾਵੇਸ਼ੀਅਤ ਨੂੰ ਸਮਰਥਨ ਦੇਣ ਲਈ ਡਿਜ਼ਾਈਨ ਕੀਤਾ ਗਿਆ ਹੈ।




1. ਸਿੰਥੈਟਿਕ ਟਰਫ਼ ਫੀਲਡ ਹਾਕੀ ਪਿੱਚ
2. ਢਲਾਣ ‘ਤੇ ਪੌੜੀਆਂ ਵਾਲੀਆਂ ਬੈਠਣ ਵਾਲੀਆਂ ਥਾਵਾਂ
3. ਲਚਕਦਾਰ ਖੁੱਲ੍ਹੀ ਥਾਂ
4. ਸੈਰ ਕਰਨ ਦਾ ਚੱਕਰਦਾਰ ਰਸਤਾ
5. ਖਿਡਾਰੀਆਂ ਦੀਆਂ ਸ਼ੈਲਟਰਾਂ
6. ਮੌਜੂਦਾ ਖੇਡ ਦਾ ਮੈਦਾਨ
7. ਫੀਲਡਹਾਊਸ
8. ਦੇਖਭਾਲ ਲਈ ਪਹੁੰਚ
9. ਵਾਰਮ-ਅੱਪ ਖੇਤਰ

- ਸਪੋਰਟ ਫੀਲਡ ਲਾਈਟਾਂ

# ਮੌਬਰਲੀ ਪਾਰਕ ਸਿੰਥੈਟਿਕ ਟਰਫ਼ ਫੀਲਡ ਅਤੇ ਫੀਲਡਹਾਊਸ

**ਪਰੋਜੈਕਟ ਦੀ ਸਮਾਂ-ਰੇਖਾ ਅਤੇ ਅੱਪਡੇਟ**



**ਸਰਦੀ 2025**
ਵਿਚਾਰ ‘ਤੇ ਵਿਕਾਸ

**ਬਸੰਤ 2026**
ਅੰਤਿਮ ਵਿਚਾਰ

**ਗਰਮੀ 2026**
ਵਿਸਤਿਰ੍ਤ ਡਿਜ਼ਾਈਨ ਅਤੇ ਟੈਂਡਰ

**2027**
ਉਸਾਰੀ

## ਤੁਹਾਡਾ ਧੰਨਵਾਦ!

ਨਵੀਂ ਸਿੰਥੈਟਿਕ ਟਰਫ਼ ਫੀਲਡ ਅਤੇ ਫੀਲਡਹਾਊਸ ਅੱਪਡੇਟਾਂ ਵਿੱਚ ਤੁਹਾਡੀ ਦਿਲਚਸਪੀ ਲਈ ਧੰਨਵਾਦ।
ਯੋਜਨਾ ਨੂੰ ਹੋਰ ਸੁਧਾਰਿਆ ਜਾਵੇਗਾ ਅਤੇ ਬਸੰਤ 2026 ਵਿੱਚ ਪਾਰਕ ਬੋਰਡ ਅੱਗੇ ਪੇਸ਼ ਕੀਤਾ ਜਾਵੇਗਾ।

ਇੱਕ ਵਾਰ ਮਨਜ਼ੂਰ ਹੋ ਜਾਣ ‘ਤੇ, ਸੰਕਲਪ ਯੋਜਨਾ ਨੂੰ ਇੱਕ ਵਿਸਤਿਰ੍ਤ ਡਿਜ਼ਾਈਨ ਪੱਧਰ ਤੱਕ ਵਿਕਸਤ ਕੀਤਾ ਜਾਵੇਗਾ ਜਿਸ ਵਿੱਚ 2027 ਦੇ ਸ਼ੁਰੂ ਵਿੱਚ ਉਸਾਰੀ ਦੀ ਸੰਭਾਵਨਾ ਹੈ।

## ਸੂਚਿਤ ਰਹੋ

ਪਰੋਜੈਕਟ ਵੈੱਬਪੇਜ ‘ਤੇ ਜਾ ਕੇ ਅੱਪਡੇਟ ਰਹੋ:
vancouver.ca/moberly-synturf-field

## ਸਾਡੇ ਨਾਲ ਸੰਪਰਕ ਕਰੋ:

moberly.synturf.field@vancouver.ca